ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ (ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP — CAR RENTALS & TAXI SERVICE — 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish | ALBERTA Edmonton Calgary | ONTARIO Ottawa, Brampton Toronto | QUEBEC Montreal | USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 33, Issue No. 05 Ending Date: Jan 30, 2026

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR
LAKHJIT SARANG
604-613-9100

# ਮੱਧ ਪ੍ਰਦੇਸ਼ ਵਿੱਚ ਬਜਰੰਗ ਦਲ ਵੱਲੋਂ ਮੁਸਲਮਾਨਾਂ ਨੂੰ ਗੋਲੀ ਮਾਰਨ ਦੀ ਧਮਕੀ, ਪੁਲਿਸ ਚੁੱਪ ਰਹੀ

ਨਵੀਂ ਦਿੱਲੀ: ਮੱਧ ਪ੍ਰਦੇਸ਼ ਤੋਂ ਇੱਕ ਪਰੇਸ਼ਾਨ ਕਰਨ ਵਾਲਾ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿੱਚ ਧਾਰ ਜ਼ਿਲ੍ਹੇ ਵਿੱਚ ਬਜਰੰਗ ਦਲ ਦੇ ਸਿਖਲਾਈ ਕੈਂਪ ਨੂੰ ਦਿਖਾਇਆ ਗਿਆ ਹੈ ਜਿੱਥੇ ਇੱਕ ਬੁਲਾਰਾ ਮੁਸਲਮਾਨਾਂ ਵਿਰੁੱਧ ਹਿੰਸਾ ਦੀ ਗੱਲ ਕਰਦਾ ਹੈ, ਮੁਸਲਮਾਨਾ ਨੂੰ ਗੋਲੀ ਮਾਰਨ ਦੀਆਂ ਧਮਕੀਆਂ ਵੀ ਸ਼ਾਮਲ ਹਨ।

ਇਸ ਘਟਨਾ ਨੇ ਭਾਰਤੀ ਮੁਸਲਮਾਨਾਂ ਵਿੱਚ ਡਰ ਪੈਦਾ ਕਰ ਦਿੱਤਾ ਹੈ।ਮੁਸਲਿਮ ਸੰਗਠਨ ਸ਼ਿਕਾਇਤ ਕਰਦੇ ਹਨ ਕਿ ਕਾਨੂੰਨ ਸਭਨਾ ਲਈ ਬਰਾਬਰ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ਹੈ।

ਧਾਰ ਜ਼ਿਲ੍ਹੇ ਦੇ ਮਨਾਵਰ ਵਿੱਚ ਇੱਕ ਰਾਜ ਪੱਧਰੀ ਸਿਖਲਾਈ ਕੈਂਪ ਦੌਰਾਨ ਰਿਕਾਰਡ ਕੀਤੇ ਗਏ ਵੀਡੀਓ ਵਿੱਚ ਬੁਲਾਰਾ ਇਸਲਾਮ ਅਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੀ ਇੱਕ ਕਵਿਤਾ ਪੜ੍ਹਦਾ ਹੋਇਆ ਦਿਖਾਈ ਦੇ ਰਿਹਾ ਹੈ, ਜਿਸ ਵਿੱਚ ਕਿਹਾ ਗਿਆ ਹੈ, "ਜਿਨਹੈਂ ਮੁਹੰਮਦ ਚਾਹੀਏ ਵੋ ਮਦੀਨਾ ਚਲੇ ਜਾਏਂ, ਵਾਰਨਾ ਚਲੇਗੀ ਗੋਲੀ, ਮੁੱਲੋਂ ਕੇ ਸੀਨੇ ਮੇਂ।"

ਸੋਸ਼ਲ ਮੀਡੀਆ 'ਤੇ ਵੀਡੀਓ ਦੇ ਵਿਆਪਕ ਤੌਰ 'ਤੇ ਸ਼ੇਅਰ ਕੀਤੇ ਜਾਣ ਦੇ ਬਾਵਜੂਦ, ਹੁਣ ਤੱਕ ਕੋਈ ਪੁਲਿਸ ਕਾਰਵਾਈ ਨਹੀਂ ਕੀਤੀ ਗਈ ਹੈ, ਅਤੇ ਨਾ ਹੀ ਕੋਈ ਗ੍ਰਿਫ਼ਤਾਰੀ ਕੀਤੀ ਗਈ ਹੈ। ਅਧਿਕਾਰ ਕਾਰਕੁਨ ਅਤੇ ਮੁਸਲਿਮ ਨੇਤਾ ਕਹਿੰਦੇ ਹਨ ਕਿ ਇਹ ਸ਼ਬਦ ਪੂਰੇ ਭਾਈਚਾਰੇ ਵਿਰੁੱਧ ਹਿੰਸਾ ਲਈ ਸਿੱਧੇ ਸੱਦੇ ਦੇ ਬਰਾਬਰ ਹਨ।"ਇਹ ਕੋਈ ਨਾਅਰਾ ਜਾਂ ਮਜ਼ਾਕ ਨਹੀਂ ਹੈ। ਇਹ ਮੁਸਲਮਾਨਾਂ ਨੂੰ ਮਾਰਨ ਦੀ ਸਪੱਸ਼ਟ ਧਮਕੀ ਹੈ। ਜੇਕਰ ਕਿਸੇ ਮੁਸਲਮਾਨ ਨੇ ਇਸ ਤਰ੍ਹਾਂ ਦੀ ਇੱਕ ਵੀ ਲਾਈਨ ਕਹੀ ਹੁੰਦੀ, ਤਾਂ ਉਹ ਪਹਿਲਾਂ ਹੀ ਜੇਲ੍ਹ ਵਿੱਚ ਹੁੰਦਾ," ਮੱਧ ਪ੍ਰਦੇਸ਼ ਦੇ ਇੱਕ ਸੀਨੀਅਰ ਮੁਸਲਿਮ ਸਮਾਜ ਸੇਵਕ ਨੇ ਕਿਹਾ।ਇਸ ਘਟਨਾ ਨੇ ਜਨਤਕ ਸੁਰੱਖਿਆ ਅਤੇ ਭਾਰਤ ਵਿੱਚ ਕਾਨੂੰਨ ਦੇ ਬਰਾਬਰ ਨਾ ਲਾਗੂ ਹੋਣ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਕਾਨੂੰਨੀ ਮਾਹਰ ਦੱਸਦੇ ਹਨ ਕਿ ਭਾਰਤੀ ਕਾਨੂੰਨ ਸਪੱਸ਼ਟ ਤੌਰ 'ਤੇ ਉਸ ਭਾਸ਼ਣ 'ਤੇ ਪਾਬੰਦੀ ਲਗਾਉਂਦਾ ਹੈ ਜੋ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਦਾ ਹੈ।




Space Available for your Ad
ਪੰਜਾਬ ਗਾਰਡੀਅਨ ਨਾਲ ਐਡ ਪਾਉ ਅਤੇ ਆਪਣਾ ਬਿਜ਼ਨਸ ਵਧਾਓ
Call to Advertise 604-590-5200

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
ਜਸਵੀਰ ਗਰੇਵਾਲ
778 317 6262

TRANSWORLD TRAVEL
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਪੰਜਾਬ ਗਾਰਡੀਅਨ
Call to Advertise 604-590-5200

ਗੁਰਦਵਾਰਾ ਗੁਰਸਾਗਰ ਮਸਤੂਆਣਾ ਸਰੀ ਬੀਸੀ ਕੈਨੇਡਾ ਵਿਖੇ
ਸ੍ਰੀ ਮਾਨ ਸੰਤ ਬਾਬਾ ਅਤਰ ਸਿੰਘ ਜੀ
ਮਸਤੂਆਣਾ ਸਾਹਿਬ ਵਾਲਿਆਂ ਦੀ
99ਵੀਂ ਸਲਾਨਾ ਬਰਸੀ ਦੇ ਸਬੰਧ ਵਿੱਚ ਗੁਰਮਤਿ ਸਮਾਗਮ
ਮਿਤੀ 30,31 ਜਨਵਰੀ 1 ਫਰਵਰੀ 2026 (ਸ਼ੁਕਰ ਸ਼ਨੀ ਐਤਵਾਰ) ਨੂੰ ਕਰਵਾਇਆ ਜਾ ਰਿਹਾ ਹੈ
ਇਨ੍ਹਾਂ ਸਮਾਗਮਾਂ ਵਿੱਚ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਢਾਡੀ ਕਥਾਵਾਚਕ,ਪ੍ਰੋਫੈਸਰ ਅਤੇ ਹੋਰ ਅਨੇਕਾਂ ਗੁਣੀ ਜਨ ਆਪ ਜੀ ਨੂੰ ਗੁਰਬਾਣੀ ਨਾਲ ਜੋੜਣਗੇ
ਗੁਰੂ ਕੇ ਲੰਗਰ ਰੋਜ਼ਾਨਾ ਅਤੁੱਟ ਵਰਤਾਏ ਜਾਂਦੇ ਹਨ
ਆਪ ਜੀ ਨੇ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀ ਭਰਨ ਦੀ ਕ੍ਰਿਪਾਲਤਾ ਕਰਨੀ ਜੀ
ਪ੍ਰਾਰਥਕ :- ਸਮੂਹ ਪ੍ਰਬੰਧਕ ਕਮੇਟੀ ਗੁ. ਗੁਰਸਾਗਰ ਮਸਤੂਆਣਾ ਸਾਹਿਬ
11267 125A street surrey BC canada
ਸੰਪਰਕ 604 585 0319 778 713 5121

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

J&J FRESH LOOK HOMES LTD..
Pacific HOME WARRANTY
ਫਰੇਮਿੰਗ ਦੇ ਕਈ ਸਾਲਾਂ ਦੇ ਤਜਰਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management *Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS • TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
• ICBC Claims • Private Claims • Free Courtesy Cars • Auto Glass Replacement • Free Estimates
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਸੀ. ਕਲੇਮਜ਼ » ਪ੍ਰਾਈਵੇਟ ਕਲੇਮਜ਼ » ਫਰੀ ਐਸਟੀਮੇਟ » ਫਰੀ ਕਰਟਸੀ ਕਾਰ » ਆਟੋ ਗਲਾਸ ਰਿਪਲੇਸਮੈਂਟ
Fax: 604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305

FARM AND SPICE

# FARM AND SPICE

## Weekly Special

## Jan 23 - 29

*Special Sampling in Certain Stores*



ਅਦਰਕ
**Ginger**
Per lb
**$1.49**



ਅਨਾਰ
**Pomegranate**
each
**$1.99**



ਨਿੰਬੂ
**Limes**
4 for
**$0.99**



ਕੀਵੀ
**Kiwi Green / Golden**
1 lb 5 Pcs
**$2.99**



ਸੇਬ
**Apple Fuji China**
Per lb
**$1.49**



ਲੌਕੀ
**Opo Long**
Per lb
**$1.49**



ਸੰਤਰੇ
**Mandarin**
Per lb
**$1.49**



ਲਸਣ
**Garlic**
1 Kg each
**$2.99**



ਅੰਬੇ ਬੇਸਨ / ਮਕੀ ਆਟਾ
**Ambay Besan / Makki Da Atta**
4 Lbs
**$4.99**



ਹਾਂਡੀ ਫੁਲ ਮਖਾਣਾ
**Handi Phool Makhana**
400 gms
**$14.99**



ਸ਼ੇਰ ਬਾਸਮਤੀ
**Sher Pure Long Basmati Rice**
10 Lbs
**$11.99**



ਸਵੇਰਾ ਪਨੀਰ
**Savera Paneer**
400 gms
**$4.99**



ਬਾਜ਼ ਆਟਾ
**Baaz Atta**
20 Lbs
**$10.99**



ਸ਼ੇਰ ਦਾਲਾਂ
**Sher Kala Chana / Chana Daal / Red Split / Moong Wash**
4 Lbs
**$4.99**



ਇੰਡੀਅਨ ਭੁੰਨਿਆ ਮੂੰਗਫਲੀ
**Indian Peanuts Roasted Bulk**
Per lb
**$3.99**



ਮੈਮਪਸਟਰ ਗੋਲਗਪੇ
**Mampster Golgappa**
290 gms
**$8.99**

*while supply last

Open 7 Days a Week
8:30 am to 10:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਕੈਨੇਡਾ ਹਕੂਮਤ ਦੀ ਰਿਪੋਰਟ ਨੇ ਦੱਸਿਆ ਕਿ ਹਿੰਦੂਤਵ ਹਕੂਮਤ ਗੈਂਗਸਟਰਾਂ ਦੀ ਕਰ ਰਹੀ ਹੈ ਦੁਰਵਰਤੋਂ:ਮਾਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):ਜਦੋਂ ਬਹੁਤ ਸਮਾਂ ਪਹਿਲੇ ਤੋਂ ਅਸੀ ਇਥੋ ਦੇ ਅਮਨ-ਚੈਨ, ਕਾਨੂੰਨੀ ਵਿਵਸਥਾਂ ਨੂੰ ਮੁੱਖ ਰੱਖਕੇ ਸਿਆਸੀ ਦੁਸਮਣੀਆਂ ਅਤੇ ਸਿਆਸੀ ਨਿਸ਼ਾਨੇ ਦੀ ਪੂਰਤੀ ਕਰਨ ਲਈ ਸੈਂਟਰ ਦੀ ਮੋਦੀ ਬੀਜੇਪੀ-ਆਰ.ਐਸ.ਐਸ ਹਕੂਮਤ ਗੈਂਗਸਟਰਾਂ ਦੀ ਸਰਪ੍ਰਸਤੀ ਕਰਦੀ ਆ ਰਹੀ ਹੈ ਅਤੇ ਉਨ੍ਹਾਂ ਨੂੰ ਆਪਣੇ ਸਿਆਸੀ ਮਕਸਦਾਂ ਦੀ ਪੂਰਤੀ ਲਈ ਕਤਲੇਆਮ ਕਰਵਾਉਦੀ ਆ ਰਹੀ ਹੈ, ਦੀ ਆਵਾਜ ਉਠਾਉਦੇ ਆ ਰਹੇ ਹਾਂ।ਪਰ ਹੁਕਮਰਾਨਾਂ ਨੇ ਹਮੇਸ਼ਾਂ ਇਸ ਸੱਚ ਨੂੰ ਝੁਠਲਾਉਣ ਲਈ ਆਪਣੇ ਮੀਡੀਏ, ਪ੍ਰਚਾਰ ਸਾਧਨਾਂ ਦੀ ਦੁਰਵਰਤੋ ਕਰਕੇ ਗੁੰਮਰਾਹ ਕਰਦੇ ਰਹੇ ਹਨ। ਪਰ ਹੁਣ ਜਦੋ ਕੈਨੇਡਾ ਦੀ ਮੌਜੂਦਾ ਹਕੂਮਤ ਨੇ ਸਮੁੱਚੇ ਸੰਸਾਰ ਦੇ ਵੱਡੇ ਅਖਬਾਰਾਂ ਵਿਚ ਇਹ ਰਿਪੋਰਟ ਨਸਰ ਕਰ ਦਿੱਤੀ ਹੈ ਕਿ ਇੰਡੀਅਨ ਹੁਕਮਰਾਨ ਬਿਸਨੋਈ ਨਾਮ ਦੇ ਗੈਗਸਟਰ ਤੋ ਸਿੱਖਾਂ ਦੇ ਅਤੇ ਹੋਰ ਕਤਲ ਕਰਵਾ ਰਹੇ ਹਨ, ਦੇ ਸੰਬੰਧ ਵਿਚ ਵਿਸਥਾਰਿਤ ਰਿਪੋਰਟ ਜਾਰੀ ਕਰ ਦਿੱਤੀ ਹੈ, ਹੁਣ ਕੋਈ ਸੱਕ ਸੁਬਾਹ ਬਾਕੀ ਨਹੀ ਰਹਿ ਗਿਆ ਕਿ ਜੋ ਇੰਡੀਅਨ ਹੁਕਮਰਾਨਾਂ ਸ੍ਰੀ ਮੋਦੀ ਦੀ ਜਾਲਮ ਚੰਡਾਲ ਚੌਕੜੀ ਵੱਲੋ ਕੈਨੇਡਾ, ਅਮਰੀਕਾ, ਬਰਤਾਨੀਆ, ਪਾਕਿਸਤਾਨ ਅਤੇ ਇੰਡੀਆ ਵਿਚ ਆਜਾਦੀ ਚਾਹੁੰਣ ਵਾਲੇ ਸਿੱਖਾਂ ਨੂੰ ਸਾਜਸੀ ਢੰਗ ਨਾਲ ਕਤਲੇਆਮ ਕਰਵਾਇਆ ਹੈ ਜਿਨ੍ਹਾਂ ਵਿਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਕਤਲ ਕਰਵਾਏ ਗਏ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਅਸਫਲ ਸਾਜਿਸ ਰਚੀ ਗਈ । ਇਹ ਕਤਲੇਆਮ ਕਰਨ ਵਾਲੀ ਚੰਡਾਲ ਚੌਕੜੀ ਵਿਚ ਸ੍ਰੀ ਮੋਦੀ ਤੋ ਇਲਾਵਾ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾਂ ਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਸਾਮਿਲ ਹਨ।ਇਹ ਸਾਡੇ ਸਿੱਖਾਂ ਦੇ ਅਤੇ ਹੋਰ ਆਪਣੇ ਸਿਆਸੀ ਵਿਰੋਧੀਆ ਦੇ ਕਾਤਲ ਸਾਬਤ ਹੋ ਚੁੱਕੇ ਹਨ।ਇਸ ਲਈ ਇਨ੍ਹਾਂ ਵਿਰੁੱਧ ਕੌਮਾਂਤਰੀ ਅਦਾਲਤਾਂ ਵਿਚ ਕੌਮਾਂਤਰੀ ਕਾਨੂੰਨਾਂ ਅਨੁਸਾਰ ਫੌਰੀ ਕਾਰਵਾਈ ਕਰਕੇ ਬਣਦੀਆ ਸਜਾਵਾਂ ਦੇਣੀਆ ਬਣਦੀਆ ਹਨ।ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕੈਨੇਡਾ ਹਕੂਮਤ ਵੱਲੋ ਸਿੱਖਾਂ ਦੇ ਹਿੰਦੂਤਵ ਹੁਕਮਰਾਨਾਂ ਵੱਲੋ ਆਪਣੇ ਸਰਪ੍ਰਸਤੀ ਹੇਠ ਕੰਮ ਕਰ ਰਹੇ ਗੈਗਸਟਰ ਬਿਸਨੋਈ ਦੁਆਰਾ ਕੀਤੇ ਜਾਣ ਵਾਲੇ ਕਤਲਾਂ ਦੀ ਕੌਮਾਂਤਰੀ ਰਿਪੋਰਟ ਆਉਣ ਤੇ ਇਨ੍ਹਾਂ ਜਾਲਮ ਕਾਤਲ ਹਿੰਦੂਤਵ ਹੁਕਮਰਾਨਾਂ ਵਿਰੁੱਧ ਕੌਮਾਂਤਰੀ ਅਦਾਲਤਾਂ ਵਿਚ ਕਾਨੂੰਨੀ ਅਮਲ ਕਰਦੇ ਹੋਏ ਸਮੁੱਚੇ ਜਮਹੂਰੀਅਤ ਪਸੰਦ ਵੱਡੇ ਮੁਲਕਾਂ ਨੂੰ ਅਗਲੇਰੀ ਫੌਰੀ ਕਾਰਵਾਈ ਕਰਨ ਦੀ ਅਪੀਲ ਕਰਦੇ ਹੋਏ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਬਿਸਨੋਈ ਲੰਮੇ ਸਮੇ ਤੋ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿਚ ਬੰਦ ਹੈ ਜਿਸ ਨੂੰ ਹਰ ਤਰ੍ਹਾਂ ਦੀਆਂ ਹੁਕਮਰਾਨਾਂ ਵੱਲੋ ਸਹੂਲਤਾਂ ਵੀ ਪ੍ਰਾਪਤ ਹਨ ਅਤੇ ਉਹ ਜੇਲ੍ਹ ਵਿਚ ਬੈਠੇ ਹੋਏ ਵੀ ਇੰਡੀਆ, ਪੰਜਾਬ, ਹਰਿਆਣਾ ਅਤੇ ਬਾਹਰਲੇ ਮੁਲਕਾਂ ਵਿਚ ਹਿੰਦੂਤਵ ਹੁਕਮਰਾਨਾਂ ਦੇ ਮਿੱਥੇ ਗਏ ਨਿਸ਼ਾਨਿਆ ਅਨੁਸਾਰ ਅੱਜ ਵੀ ਮਨੁੱਖਤਾ ਦਾ ਕਤਲੇਆਮ ਕਰ ਰਿਹਾ ਹੈ।ਜਿਸ ਤੋ ਪ੍ਰਤੱਖ ਸਾਬਤ ਹੋ ਗਿਆ ਹੈ ਕਿ ਇਸ ਗੈਗਸਟਰ ਨੂੰ ਸ੍ਰੀ ਮੋਦੀ, ਸ਼ਾਹ ਤੇ ਸੈਟਰ ਦੀ ਪੂਰਨ ਰੂਪ ਵਿਚ ਸਰਪ੍ਰਸਤੀ ਹਾਸਿਲ ਹੈ ਅਤੇ ਇਸ ਸਿਆਸੀ ਕਤਲਾਂ ਨੂੰ ਰੋਕਣ ਲਈ ਜਰੂਰੀ ਹੈ ਕਿ ਅਮਰੀਕਾ, ਕੈਨੇਡਾ, ਬਰਤਾਨੀਆ, ਆਸਟ੍ਰੇਲੀਆ ਵਰਗੇ ਜਮਹੂਰੀਅਤ ਪਸੰਦ ਮੁਲਕਾਂ ਦੇ ਹੁਕਮਰਾਨ ਕੌਮਾਂਤਰੀ ਕਾਨੂੰਨਾਂ ਅਧੀਨ ਕਾਰਵਾਈ ਕਰਕੇ ਸਜਾਵਾਂ ਦੇਣ ਦਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਨਿਭਾਉਣ।ਉਨ੍ਹਾਂ ਕਿਹਾ ਕਿ ਸਿੱਖ ਕੌਮ ਕਿਸੇ ਵੀ ਤਰ੍ਹਾਂ ਦੀ ਗੈਰ ਇਨਸਾਨੀਅਤ ਕਾਰਵਾਈ ਦੇ ਸਖਤ ਵਿਰੁੱਧ ਹੈ।ਇਨਸਾਨੀ ਕਦਰਾਂ ਕੀਮਤਾਂ, ਅਮਨ-ਚੈਨ ਤੇ ਹਰ ਕੌਮ ਤੇ ਵਰਗ ਨੂੰ ਆਜਾਦੀ ਨਾਲ ਜਿਊਣ ਦਾ ਹੱਕ ਦੇਣ ਦੀ ਪੈਰਵੀ ਕਰਦੀ ਹੈ।ਲੇਕਿਨ ਜਦੋ ਅਸੀ ਆਪਣੀ ਖੁਦਮੁਖਤਿਆਰੀ ਪ੍ਰਾਪਤ ਕਰਨ ਲਈ ਕੌਮਾਂਤਰੀ ਕਾਨੂੰਨਾਂ ਅਧੀਨ ਸੰਘਰਸ ਕਰਦੇ ਆ ਰਹੇ ਹਾਂ ਅਤੇ 3 ਦੁਸਮਣ ਮੁਲਕਾਂ, ਕਾਮਰੇਡ ਚੀਨ, ਮੁਸਲਿਮ ਪਾਕਿਸਤਾਨ ਅਤੇ ਹਿੰਦੂ ਇੰਡੀਆ ਦੇ ਵਿਚਕਾਰ ਬਤੌਰ ਬਫਰ ਸਟੇਟ ਕਾਇਮ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਇਹ ਹੁਕਮਰਾਨ ਗੋਲੀ ਬੰਦੂਕ ਦੀ ਨੀਤੀ ਰਾਹੀ ਕਤਲੇਆਮ ਕਰ ਰਹੇ ਹਨ।ਜੋ ਗੈਰ ਇਨਸਾਨੀ ਤੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਹੈ।ਅਸੀ ਇਥੇ ਇੰਡੀਆ ਦੇ ਕੈਨੇਡਾ ਸਥਿਤ ਹਾਈਕਮਿਸਨਰ ਮਿਸਟਰ ਦਿਨੇਸ ਪਟਨਾਇਕ ਦਾ ਵਰਣਨ ਕਰਨਾ ਜਰੂਰੀ ਸਮਝਦੇ ਹਾਂ ਜੋ ਨਿੱਜੀ ਤੌਰ ਤੇ ਦਹਿਸਤਗਰਦੀ ਕਾਰਵਾਈਆ ਵਿਚ ਦਿਲਚਸਪੀ ਰੱਖਦੇ ਹੋਏ ਹੁਕਮਰਾਨਾਂ ਦੇ ਦਿਸ਼ਾਨਿਰਦੇਸ਼ਾਂ ਉਤੇ ਅਮਲ ਕਰਦੇ ਆ ਰਹੇ ਹਨ।ਜਿਸ ਤੋ ਪ੍ਰਤੱਖ ਹੋ ਜਾਂਦਾ ਹੈ ਕਿ ਹੁਕਮਰਾਨ ਹਕੂਮਤੀ ਪੱਧਰ ਤੇ ਅਜਿਹੇ ਕਤਲੇਆਮ ਕਰਨ ਦੇ ਅਮਲ ਕਰਦੇ ਆ ਰਹੇ ਹਨ।ਪ੍ਰੰਤੂ ਦੁੱਖ ਅਤੇ ਅਫਸੋਸ ਹੈ ਕਿ ਕੈਨੇਡਾ ਦੀ ਹਕੂਮਤ ਬੀਤੇ 4 ਦਹਾਕਿਆ ਤੋ ਇਸ ਕੰਮ ਵਿਚ ਅਸਫਲ ਰਹੀ ਹੈ ਕਿ ਜੋ ਉਥੇ ਕੈਨੇਡੀਅਨ ਅੰਬੈਸੀ ਵਿਚ ਸਥਿਤ ਅਧਿਕਾਰੀ ਹਨ ਜੋ ਅਜਿਹੀਆ ਗੈਰ ਕਾਨੂੰਨੀ ਕਾਰਵਾਈਆ ਵਿਚ ਸਾਮਿਲ ਹਨ ਉਨ੍ਹਾਂ ਵਿਰੁੱਧ ਅੱਜ



ਤੱਕ ਕੋਈ ਅਮਲ ਨਹੀ ਕਰ ਸਕੀ।1986 ਵਿਚ ਏਅਰ ਇੰਡੀਆ ਜਹਾਜ ਫਲਾਇਟ 182 ਵਿਚ ਵੱਡੀ ਗਿਣਤੀ ਵਿਚ ਮੁਸਾਫਿਰ ਵਿਸਫੋਟ ਕਾਰਨ ਮਾਰੇ ਗਏ ਸਨ।ਇਸ ਕਨਿਸਕਾ ਏਅਰ ਇੰਡੀਆ ਦੇ ਹੋਏ ਵਿਸਫੋਟ ਦੀ ਫਲਾਇਟ ਵਿਚ ਕੈਨੇਡਾ ਵਿਖੇ ਇੰਡੀਆ ਦੇ 2 ਡਿਪਲੋਮੈਟਸ ਨੇ ਵੀ ਇੰਡੀਆ ਆਉਣਾ ਸੀ ਲੇਕਿਨ ਐਨ ਆਖਰੀ ਪਲਾ ਉਤੇ ਉਨ੍ਹਾਂ ਦੋਵਾਂ ਡਿਪਲੋਮੈਟਸ ਨੇ ਆਪਣੀ ਇਹ ਯਾਤਰਾ ਰੱਦ ਕਰ ਦਿੱਤੀ ਸੀ। ਜਿਸ ਤੋ ਪ੍ਰਤੱਖ ਹੈ ਕਿ ਇਹ ਵਿਸਫੋਟ ਇੰਡੀਆ ਦੇ ਹੁਕਮਰਾਨਾਂ ਦੀ ਸਾਜਿਸ ਦੀ ਕੜੀ ਸੀ। ਜਿਸ ਨੂੰ ਬਿਨ੍ਹਾਂ ਵਜਹ ਸਿੱਖਾਂ ਦੇ ਨਾਮ ਲਗਾਕੇ ਸੰਸਾਰ ਪੱਧਰ ਤੇ ਸਿੱਖਾਂ ਦੀ ਬਦਨਾਮੀ ਕਰਨ ਦੀ ਕੋਸਿਸ ਵੀ ਕੀਤੀ ਗਈ ਸੀ।ਇਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ ਮੇਜਰ ਕਮਿਸਨ ਨੂੰ ਇਸ ਦੁਖਾਂਤ ਦੀ ਜਾਂਚ ਕਰਨ ਦੀ ਜਿੰਮੇਵਾਰੀ ਸੌਪੀ ਗਈ ਸੀ ਜਿਸ ਵਿਚ ਮੇਜਰ ਕਮਿਸਨ ਨੇ ਵੀ ਇਹ ਕਿਹਾ ਸੀ ਕਿ ਇਸ ਵਿਚ ਕਿਸੇ ਵੀ ਖਾਲਿਸਤਾਨੀ ਜਾਂ ਸਿੱਖ ਆਗੂ ਦਾ ਕੋਈ ਹੱਥ ਨਹੀ ਸੀ।ਇਸ ਤੋ ਅੱਗੇ ਆਇਰਸ ਕਾਰਨਰ ਰਿਪੋਰਟ ਨੇ ਇਹ ਐਲਾਨ ਕੀਤਾ ਸੀ ਕਿ ਇਸ ਕਨਿਸਕਾ ਕਾਂਡ ਦੀ ਫਲਾਇਟ 182 ਸਮੁੰਦਰ ਵਿਚ ਨਹੀ ਡਿੱਗੀ, ਫਿਰ ਮਿਸਟਰ ਪਟਨਾਇਕ ਵੱਲੋ ਲਗਾਏ ਗਏ ਇਹ ਦੋਸ਼ ਕਿ ਇਹ ਕਾਰਵਾਈ ਸਿੱਖਾਂ ਦੀ ਹੈ, ਫਿਰ ਇਨ੍ਹਾਂ ਦੋਸ਼ਾਂ ਵਿਚ ਤਾਂ ਰਤੀਭਰ ਵੀ ਕੋਈ ਆਪਣੇ ਆਪ ਵਿਚ ਸੱਚਾਈ ਹੀ ਨਹੀ ਰਹਿ ਗਈ ।













# ਮਨੁੱਖੀ ਅਧਿਕਾਰ ਵਿਭਾਗ ਦਾ ਨਾਮ ਬਦਲ ਕੇ “ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਮਨੁੱਖੀ ਅਧਿਕਾਰ ਵਿਭਾਗ” ਰੱਖਣ ਦੀ ਮੰਗ:ਟੀਮ ‘ਸੱਥ’ ਨੇ ਪੰਜਾਬ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਕੋਲ ਰੱਖੀ ਮੰਗ



ਚੰਡੀਗੜ੍ਹ: ਅਸ਼ਮੀਤ ਸਿੰਘ, ਮੀਤ ਪ੍ਰਧਾਨ, ਪੰਜਾਬ ਯੂਨੀਵਰਸਿਟੀ ਅਤੇ ਟੀਮ ‘ਸੱਥ’ ਨੇ ਪੰਜਾਬ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਕੋਲ ਮੰਗ ਰੱਖੀ ਹੈ ਕਿ ਮਨੁੱਖੀ ਅਧਿਕਾਰ ਵਿਭਾਗ ਦਾ ਨਾਮ ਬਦਲ ਕੇ “ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਮਨੁੱਖੀ ਅਧਿਕਾਰ ਵਿਭਾਗ” ਰੱਖਿਆ ਜਾਵੇ ਅਤੇ ਇਸ ਨਾਲ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਚੇਅਰ ਦੀ ਸਥਾਪਨਾ ਕੀਤੀ ਜਾਵੇ।ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਇੱਕ ਨਿਡਰ ਮਨੁੱਖੀ ਅਧਿਕਾਰ ਕਾਰਕੁਨ ਸਨ, ਜਿਨ੍ਹਾਂ ਨੇ 1980 ਅਤੇ 1990 ਦੇ ਦਹਾਕਿਆਂ ਦੌਰਾਨ ਪੰਜਾਬ ਵਿੱਚ ਹੋਈਆਂ ਗੰਭੀਰ ਮਨੁੱਖੀ ਅਧਿਕਾਰ ਉਲੰਘਣਾਵਾਂ ਨੂੰ ਬੇਨਕਾਬ ਕੀਤਾ। ਆਪਣੀ ਗਹਿਰੀ ਖੋਜ ਅਤੇ ਦਸਤਾਵੇਜ਼ੀ ਕੰਮ ਰਾਹੀਂ ਉਨ੍ਹਾਂ ਨੇ 25,000 ਤੋਂ ਵੱਧ ਸਿੱਖ ਨੌਜਵਾਨਾਂ ਬਾਰੇ ਜਾਣਕਾਰੀ ਸਾਹਮਣੇ ਲਿਆਂਦੀ, ਜਿਨ੍ਹਾਂ ਨੂੰ ਗੈਰਕਾਨੂੰਨੀ ਤੌਰ ‘ਤੇ ਹਿਰਾਸਤ ਵਿੱਚ ਰੱਖਿਆ ਗਿਆ, ਜ਼ਬਰਦਸਤੀ ਗਾਇਬ ਕੀਤਾ ਗਿਆ ਅਤੇ ਬਾਅਦ ਵਿੱਚ ਫਰਜ਼ੀ ਮੁਕਾਬਲਿਆਂ ਵਿੱਚ ਸ਼ਹੀਦ ਕੀਤਾ ਗਿਆ। ਉਨ੍ਹਾਂ ਦੇ ਇਸ ਕੰਮ ਨੇ ਦੇਸ਼ ਅਤੇ ਵਿਦੇਸ਼ ਪੱਧਰ ‘ਤੇ ਭਾਰੀ ਮਨੁੱਖੀ ਅਧਿਕਾਰ ਉਲੰਘਣਾਵਾਂ ਵੱਲ ਧਿਆਨ ਖਿੱਚਿਆ।ਇਸ ਮੰਗ ਵਿੱਚ ਜ਼ੋਰ ਦੇ ਕੇ ਕਿਹਾ ਗਿਆ ਕਿ ਸੱਚ, ਇਨਸਾਫ਼ ਅਤੇ ਮਨੁੱਖੀ ਗੌਰਵ ਪ੍ਰਤੀ ਭਾਈ ਜਸਵੰਤ ਸਿੰਘ ਖਾਲੜਾ ਜੀ ਦੀ ਵਚਨਬੱਧਤਾ ਆਖ਼ਿਰਕਾਰ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਬਣੀ। ਉਨ੍ਹਾਂ ਦੀ ਕੁਰਬਾਨੀ ਨੂੰ ਵਿਸ਼ਵ ਪੱਧਰ ‘ਤੇ ਮਨੁੱਖੀ ਅਧਿਕਾਰ ਅੰਦੋਲਨ ਵਿੱਚ ਇੱਕ ਬੇਮਿਸਾਲ ਯੋਗਦਾਨ ਵਜੋਂ ਮੰਨਿਆ ਜਾਂਦਾ ਹੈ, ਜੋ ਅੱਜ ਵੀ ਕਾਰਕੁਨਾਂ, ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਨੂੰ ਪ੍ਰੇਰਿਤ ਕਰਦੀ ਹੈ।ਪੰਜਾਬ ਯੂਨੀਵਰਸਿਟੀ ਦੀ ਲੰਮੀ ਅਤੇ ਮਾਣਯੋਗ ਪਰੰਪਰਾ ਦਾ ਹਵਾਲਾ ਦਿੰਦਿਆਂ, ਅਸ਼ਮੀਤ ਸਿੰਘ ਨੇ ਉਹਨਾਂ ਸੰਸਥਾਵਾਂ ਅਤੇ ਇਮਾਰਤਾਂ ਦਾ ਜ਼ਿਕਰ ਕੀਤਾ ਜੋ ਪ੍ਰਸਿੱਧ ਹਸਤੀਆਂ ਦੇ ਨਾਮਾਂ ‘ਤੇ ਹਨ, ਜਿਵੇਂ ਕਿ ਡਾ. ਐਸ. ਐਸ. ਭਟਨਾਗਰ ਕੈਮੀਕਲ ਇੰਜੀਨੀਅਰਿੰਗ ਵਿਭਾਗ, ਡਾ. ਹਰਵੰਸ਼ ਸਿੰਘ ਜੱਜ ਡੈਂਟਲ ਸਾਇੰਸ ਅਤੇ ਹਸਪਤਾਲ, ਸ਼ਹੀਦ ਭਗਤ ਸਿੰਘ ਹਾਲ, ਸ਼ਹੀਦ ਊਧਮ ਸਿੰਘ ਹਾਲ, ਡਾ. ਬੀ. ਆਰ. ਅੰਬੇਡਕਰ ਹਾਲ ਅਤੇ ਡਾ. ਮਨਮੋਹਨ ਸਿੰਘ ਹਾਲ। ਇਸ ਸੰਦਰਭ ਵਿੱਚ ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰ ਵਿਭਾਗ ਦਾ ਨਾਮ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਦੇ ਨਾਮ ‘ਤੇ ਰੱਖਣਾ ਯੂਨੀਵਰਸਿਟੀ ਦੇ ਮੂਲ ਸਿਧਾਂਤਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਅਤੇ ਇੱਕ ਉਚਿਤ ਸਨਮਾਨ ਹੋਵੇ।

## 300 ਤੋਂ ਵੱਧ ਡਰੋਨਾਂ ਤੇ ਮਿਜ਼ਾਈਲਾਂ ਨਾਲ ਯੂਕਰੇਨ ਦਾ ਬਿਜਲੀ ਗਰਿੱਡ ਤਬਾਹ

ਕੀਵ:ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਨੇ ਇੱਕ ਵਾਰ ਫਿਰ ਭਿਆਨਕ ਰੂਪ ਧਾਰ ਲਿਆ ਹੈ। ਰੂਸ ਨੇ ਯੂਕਰੇਨ ਦੇ ਬਿਜਲੀ ਗਰਿੱਡਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ 300 ਤੋਂ ਵੱਧ ਡਰੋਨ, ਬੈਲਿਸਟਿਕ ਅਤੇ ਕਰੂਜ਼ ਮਿਜ਼ਾਈਲਾਂ ਨਾਲ ਜ਼ੋਰਦਾਰ ਹਮਲਾ ਕੀਤਾ ਹੈ।ਰਾਸ਼ਟਰਪਤੀ ਵਲਾਦੀਮੀਰ ਜੇਲੇਂਸਕੀ ਨੇ ਮੰਗਲਵਾਰ ਨੂੰ ਕਿਹਾ ਕਿ ਮਾਸਕੋ ਵੱਲੋਂ ਫਿਲਹਾਲ ਜੰਗ ਖ਼ਤਮ ਕਰਨ ਦੀ ਕੋਈ ਇੱਛਾ ਦਿਖਾਈ ਨਹੀਂ ਦੇ ਰਹੀ। ਕੀਵ ਦੇ ਮੇਅਰ ਵਿਟਾਲੀ ਕਲਿਟਸਕੋ ਅਨੁਸਾਰ, ਰਾਤ ਹੋਏ ਇਸ ਹਮਲੇ ਕਾਰਨ ਰਾਜਧਾਨੀ ਦੀਆਂ 5,600 ਤੋਂ ਵੱਧ ਅਪਾਰਟਮੈਂਟ ਇਮਾਰਤਾਂ ਦੀ ਬਿਜਲੀ ਸਪਲਾਈ ਠੱਪ ਹੋ ਗਈ ਹੈ।


FIXMAN
GLASS REPAIR LTD
Auto
Residential
Commercial
“We Are The Clear Choice”
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000





Mandeep Dhaliwal
www.fixmanglass.com Email:fixmanglass@gmail.com



SAVVY
Immigration Services Inc.
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday





CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)



Punjab TRAVELS





ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।





ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5



SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਅਜ਼ਰਬਾਈਜਾਨ ਦੀ ਰਾਜਧਾਨੀ ਬਾਕੂ ਵਿਖੇ ਭਾਰਤ ਵਿੱਚ ਸਿੱਖ ਘੱਟ ਗਿਣਤੀ ਕੌਮ ਵਿਰੁੱਧ ਹਿੰਸਾ 'ਤੇ ਕੇਂਦਰਿਤ ਇੱਕ-ਰੋਜ਼ਾ ਕਾਨਫਰੰਸ

# ਅੰਤਰਰਾਸ਼ਟਰੀ ਕਾਨਫਰੰਸ ਨੇ ਸੁਤੰਤਰ ਸਿੱਖ ਰਾਜ, ਖਾਲਿਸਤਾਨ ਲਈ ਸਿੱਖ ਸੰਘਰਸ਼ ਦਾ ਕੀਤਾ ਸਮਰਥਨ

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ): ਅਜ਼ਰਬਾਈਜਾਨ ਦੀ ਰਾਜਧਾਨੀ ਬਾਕੂ ਵਿੱਚ ਭਾਰਤ ਵਿੱਚ ਸਿੱਖ ਘੱਟ ਗਿਣਤੀ ਵਿਰੁੱਧ ਹਿੰਸਾ 'ਤੇ ਕੇਂਦ੍ਰਿਤ ਇੱਕ ਇੱਕ-ਰੋਜ਼ਾ ਕਾਨਫਰੰਸ ਹੋਈ।ਇਹ ਕਾਨਫਰੰਸ ਇੱਕ ਐਨਜੀਓ, ਬਾਕੂ ਇਨੀਸ਼ੀਏਟਿਵ ਗਰੁੱਪ ਦੁਆਰਾ ਆਯੋਜਿਤ ਕੀਤੀ ਗਈ ਸੀ ਜਿਸਨੇ ਕਾਨਫਰੰਸ ਵਿੱਚ ਐਲਾਨ ਕੀਤਾ ਸੀ ਕਿ ਇਸਦੇ 20 ਤੋਂ ਵੱਧ ਦੇਸ਼ਾਂ ਅਤੇ ਵਿਦੇਸ਼ੀ ਪ੍ਰਦੇਸ਼ਾਂ ਅਤੇ 25 ਤੋਂ ਵੱਧ ਅੰਤਰਰਾਸ਼ਟਰੀ ਸੰਗਠਨਾਂ ਅਤੇ ਸੰਸਥਾਵਾਂ ਨਾਲ ਸਹਿਯੋਗ ਸਬੰਧ ਹਨ। ਇਸ ਕਾਨਫਰੰਸ ਨੇ ਵੱਖ-ਵੱਖ ਦੇਸ਼ਾਂ ਦੇ ਸਿੱਖ ਪ੍ਰਤੀਨਿਧੀਆਂ, ਸਿੱਖਿਆ ਸ਼ਾਸਤਰੀਆਂ, ਵਿਦਿਆਰਥੀਆਂ, ਕਾਨੂੰਨੀ ਮਾਹਰਾਂ ਅਤੇ ਸਿਵਲ ਸੋਸਾਇਟੀ ਸੰਗਠਨਾਂ ਦੇ ਪ੍ਰਤੀਨਿਧੀਆਂ ਨੂੰ ਇਕੱਠਾ ਕੀਤਾ।ਕਾਨਫਰੰਸ ਸ਼ੁਰੂ ਹੋਣ ਤੋਂ ਪਹਿਲਾਂ ਭਾਗੀਦਾਰਾਂ ਅਤੇ ਮੀਡੀਆ ਨੂੰ ਜੂਨ 1984 ਵਿੱਚ ਸਿੱਖ ਨਸਲਕੁਸ਼ੀ 'ਤੇ ਇੱਕ ਪ੍ਰਦਰਸ਼ਨੀ ਰਾਹੀਂ ਅਗਵਾਈ ਕੀਤੀ ਗਈ ਅਤੇ ਸਿੱਖ ਧਰਮ ਦੇ ਲੇਖਾਂ ਬਾਰੇ ਜਾਣਕਾਰੀ ਦਿੱਤੀ ਗਈ ਸੀ।ਕਾਨਫਰੰਸ ਦੀ ਸ਼ੁਰੂਆਤ ਬਾਕੂ ਇਨੀਸ਼ੀਏਟਿਵ ਗਰੁੱਪ ਦੇ ਕਾਰਜਕਾਰੀ ਨਿਰਦੇਸ਼ਕ ਅੱਬਾਸ ਅੱਬਾਸੋਵ ਨੇ ਭਾਰਤੀ ਰਾਜ ਹਿੰਸਾ ਅਤੇ ਅੱਤਵਾਦ ਦੇ ਸਿੱਖ ਪੀੜਤਾਂ ਲਈ ਇੱਕ ਮਿੰਟ ਦਾ ਮੌਨ ਰੱਖਣ ਦੇ ਸੱਦੇ ਨਾਲ ਕੀਤੀ, ਜਿਸ ਵਿੱਚ ਜੂਨ 2023 ਵਿੱਚ ਕੈਨੇਡਾ ਵਿੱਚ ਸ਼ਹੀਦ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦਾ ਖਾਸ ਜ਼ਿਕਰ ਕੀਤਾ ਗਿਆ ਸੀ। ਇਸ ਕਾਨਫਰੰਸ ਦੀ ਸਹੂਲਤ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦੁਆਰਾ ਯੂਕੇ ਅਤੇ ਕੈਨੇਡਾ ਦੇ ਮੁੱਖ ਸਿੱਖ ਬੁਲਾਰਿਆਂ ਨਾਲ ਕੀਤੀ ਗਈ ਸੀ।ਅੱਬਾਸ ਅੱਬਾਸੋਵ ਨੇ ਕਾਨਫਰੰਸ ਦਾ ਸ਼ਾਨਦਾਰ ਢੰਗ ਨਾਲ ਸੰਚਾਲਨ ਕੀਤਾ ਅਤੇ ਪਾਕਿਸਤਾਨ ਵਿੱਚ ਪੰਜਾਬ ਸਰਕਾਰ ਵਿੱਚ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੂੰ ਮਹਿਮਾਨ ਬੁਲਾਰੇ ਵਜੋਂ ਪੇਸ਼ ਕੀਤਾ ਗਿਆ ਸੀ।ਇਸ ਕਾਨਫਰੰਸ ਵਿਚ ਹਿੱਸਾ ਲੈਣ ਵਾਲੇ ਪੰਜ ਸਿੱਖ ਬੁਲਾਰੇ, ਭਾਈ ਦਬਿੰਦਰਜੀਤ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਰਣਵੀਰ ਸਿੰਘ, ਸਾਰੇ ਯੂਕੇ



ਤੋਂ ਅਤੇ ਭਾਈ ਪ੍ਰਭਜੋਤ ਸਿੰਘ ਅਤੇ ਭਾਈ ਮੋਨਿੰਦਰ ਸਿੰਘ, ਦੋਵੇਂ ਕੈਨੇਡਾ ਤੋਂ ਸਨ।ਅੱਬਾਸੋਵ ਨੇ ਬਾਕੂ ਇਨੀਸ਼ੀਏਟਿਵ ਗਰੁੱਪ ਅਤੇ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਦਾ ਇੱਕ ਸਾਂਝਾ ਬਿਆਨ ਪੜ੍ਹਿਆ ਜਿਸ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਨੂੰ ਭਾਰਤ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ਹਿੰਸਾ ਅਤੇ ਵਿਤਕਰੇ ਵਿਰੁੱਧ ਫੈਸਲਾਕੁੰਨ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ। ਬਿਆਨ ਵਿੱਚ ਦੁਨੀਆ ਭਰ ਦੀਆਂ ਸਰਕਾਰਾਂ, ਸਿਵਲ ਸੋਸਾਇਟੀ ਸੰਗਠਨਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੂੰ ਇਨਸਾਫ਼ ਅਤੇ ਆਜ਼ਾਦੀ ਦੀ ਪ੍ਰਾਪਤੀ ਵਿੱਚ ਸਿੱਖਾਂ ਲਈ ਏਕਤਾ ਦਾ ਪ੍ਰਦਰਸ਼ਨ ਕਰਨ ਲਈ ਵੀ ਕਿਹਾ ਗਿਆ ਹੈ। ਇਹ ਸਪੱਸ਼ਟ ਹੈ ਕਿ ਦੇਸ਼ ਅਤੇ ਅੰਤਰਰਾਸ਼ਟਰੀ ਸੰਗਠਨ ਇਹ ਸਮਝਣ ਵਿੱਚ ਵੱਧ ਰਹੇ ਹਨ ਕਿ ਪਿਛਲੇ ਤਿੰਨ ਸਾਲਾਂ ਵਿੱਚ ਭਾਰਤੀ ਅਧਿਕਾਰੀ ਖਾਲਿਸਤਾਨ ਲਈ ਮੁਹਿੰਮ ਚਲਾ ਰਹੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਕੇ ਅੰਤਰਰਾਸ਼ਟਰੀ ਦਮਨ ਵਿੱਚ ਕਿਉਂ ਸ਼ਾਮਲ ਹੋ ਰਹੇ ਹਨ। ਇਸ ਗੱਲ ਵਿੱਚ ਵੱਡੀ ਵਿਸ਼ਵਵਿਆਪੀ ਦਿਲਚਸਪੀ ਹੈ ਕਿ ਭਾਰਤ ਸਰਕਾਰ ਖਾਲਿਸਤਾਨ ਲਈ ਮੁਹਿੰਮ ਚਲਾ ਰਹੇ ਸਿੱਖ ਡਾਇਸਪੋਰਾ ਤੋਂ ਡਰਦੀ ਹੈ ਕਿ ਉਸਨੂੰ ਲੱਗਦਾ ਹੈ ਕਿ ਅਮਰੀਕਾ, ਕੈਨੇਡਾ, ਯੂਕੇ, ਆਸਟ੍ਰੇਲੀਆ ਅਤੇ ਕਈ ਯੂਰਪੀਅਨ ਦੇਸ਼ਾਂ ਵਰਗੇ ਦੇਸ਼ਾਂ ਦੇ ਕਾਨੂੰਨ ਦੇ ਰਾਜ ਅਤੇ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਵਿੱਚ ਇੱਕ ਵੱਡਾ ਜੋਖਮ ਲੈਣਾ ਜ਼ਰੂਰੀ ਹੈ।ਇਸ ਲਈ ਇਹ ਕਾਨਫਰੰਸ ਅੰਤਰਰਾਸ਼ਟਰੀ ਪੱਧਰ 'ਤੇ ਬਹੁਤ ਸਾਰੇ ਸਮਾਨ ਸਮਾਗਮਾਂ ਵਿੱਚੋਂ ਪਹਿਲੀ ਹੋਣ ਦੀ ਉਮੀਦ ਹੈ।






# ਭਾਰਤ 'ਚ ਕੋਈ ਜਵਾਬਦੇਹੀ ਨਹੀਂ:ਰਾਹੁਲ

ਨਵੀਂ ਦਿੱਲੀ: ਨੋਇਡਾ 'ਚ ਇਕ ਸਾਫਟਵੇਅਰ ਇੰਜੀਨੀਅਰ ਦੀ ਕਾਰ ਪਾਣੀ ਨਾਲ ਭਰੇ ਟੋਏ 'ਚ ਡਿੱਗਣ ਕਾਰਨ ਮੌਤ ਬਾਰੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਕਿਹਾ ਕਿ ਭਾਰਤ 'ਚ ਸ਼ਹਿਰਾਂ ਦੇ ਸਿਸਟਮ 'ਚ ਨਿਘਾਰ ਦਾ ਕਾਰਨ ਪੈਸੇ, ਤਕਨਾਲੋਜੀ ਜਾਂ ਹੱਲ ਦੀ ਘਾਟ ਕਾਰਨ ਨਹੀਂ ਸਗੋਂ ਜਵਾਬਦੇਹੀ ਦੀ ਘਾਟ ਹੈ। 'ਐਕਸ' ਉਤੇ ਇਕ ਪੋਸਟ 'ਚ ਰਾਹੁਲ ਗਾਂਧੀ ਨੇ ਕਿਹਾ, ''ਸੜਕਾਂ ਮਾਰਦੀਆਂ ਹਨ, ਪੁਲ ਮਾਰਦੇ ਹਨ, ਅੱਗ ਮਾਰਦੀ ਹੈ, ਪਾਣੀ ਮਾਰਦਾ ਹੈ, ਪ੍ਰਦੂਸ਼ਣ ਮਾਰਦਾ ਹੈ, ਭ੍ਰਿਸ਼ਟਾਚਾਰ ਮਾਰਦਾ ਹੈ, ਉਦਾਸੀਨਤਾ ਮਾਰਦੀ ਹੈ।ਭਾਰਤ ਦਾ ਸ਼ਹਿਰੀ ਸਿਸਟਮ ਪੈਸੇ, ਟੈਕਨੋਲੋਜੀ ਜਾਂ ਸਮਾਧਾਨਾਂ ਦੀ ਘਾਟ ਕਾਰਨ ਤਬਾਹ ਨਹੀਂ ਹੋਇਆ ਹੈ। ਇਹ ਜਵਾਬਦੇਹੀ ਦੀ ਘਾਟ ਕਾਰਨ ਹੈ। ਕੋਈ ਜਵਾਬਦੇਹੀ ਨਹੀਂ ਹੈ।'' ਰਾਹੁਲ ਗਾਂਧੀ ਨੇ ਇਕ ਚਸ਼ਮਦੀਦ ਗਵਾਹ ਦੀ ਟਿਪਣੀ ਵਾਲੀ ਇਕ ਵੀਡੀਉ ਸਾਂਝੀ ਕੀਤੀ, ਜਿਸ ਵਿਚ ਕਿਹਾ ਗਿਆ ਸੀ ਕਿ ਸਮੇਂ ਸਿਰ ਕਾਰਵਾਈ ਕਰਨ ਨਾਲ ਵਿਅਕਤੀ ਨੂੰ ਬਚਾਇਆ ਜਾ ਸਕਦਾ ਸੀ, ਅਤੇ ਮ੍ਰਿਤਕ ਦੇ ਪਿਤਾ ਦੀ, ਜਿਨ੍ਹਾਂ ਨੇ ਅਫਸੋਸ ਪ੍ਰਗਟਾਇਆ ਕਿ ਉੱਥੇ ਬਹੁਤ ਸਾਰੇ ਲੋਕ ਸਨ ਜਿਨ੍ਹਾਂ 'ਚੋਂ ਕੁੱਝ ਵੀਡੀਉ ਬਣਾ ਰਹੇ ਸਨ ਪਰ ਕਿਸੇ ਨੇ ਉਨ੍ਹਾਂ ਦੇ ਬੇਟੇ ਨੂੰ ਬਚਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ।


## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

### ਇਸ ਹਫਤੇ ਦੇ ਪ੍ਰੋਗਰਾਮ

*21 ਜਨਵਰੀ ਦਿਨ ਬੁੱਧਵਾਰ ਆਰੰਭ ਸ੍ਰੀ ਅਖੰਡਪਾਠ ਸਾਹਿਬ ਸੇਵਾ ਭਾਈ ਗੁਰਜੰਟ ਸਿੰਘ ਪਰਿਵਾਰ ਵੱਲੋਂ ਅਤੇ 23 ਜਨਵਰੀ ਨੂੰ ਭੋਗ ਪੈਣਗੇ।

*23 ਜਨਵਰੀ ਦਿਨ ਸ਼ੁੱਕਰਵਾਰ ਗਿੱਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ 25 ਜਨਵਰੀ ਨੂੰ ਭੋਗ ਪੈਣਗੇ ਉਪਰੰਤ ਦੀਵਾਨ ਸਜਣਗੇ।

*26 ਜਨਵਰੀ ਦਿਨ ਸੋਮਵਾਰ ਨੂੰ ਭਾਈ ਖਜਾਨ ਸਿੰਘ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 28 ਜਨਵਰੀ ਨੂੰ ਭੋਗ ਪਾਏ ਜਾਣਗੇ।

*28 ਜਨਵਰੀ ਦਿਨ ਬੁੱਧਵਾਰ ਨੂੰ ਭਾਈ ਬਲਜੀਤ ਸਿੰਘ ਜੀ ਖਾਲਸਾ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 30 ਜਨਵਰੀ ਨੂੰ ਭੋਗ ਪੈਣਗੇ।

*30 ਜਨਵਰੀ ਦਿਨ ਸ਼ੁੱਕਰਵਾਰ 4 ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ:
1. ਅਕਾਲ ਅਕੈਡਮੀ ਵੱਲੋਂ 2. ਭਾਈ ਮੋਹਣ ਸਿੰਘ ਚੱਠਾ ਪਰਿਵਾਰ ਵੱਲੋਂ 3. ਭਾਈ ਰਣਬੀਰ ਸਿੰਘ ਚੀਮਾ ਪਰਿਵਾਰ ਵੱਲੋਂ 4. ਗੋਸਲ ਪਰਿਵਾਰ ਵੱਲੋਂ

*1 ਫਰਵਰੀ ਦਿਨ ਐਤਵਾਰ ਸੰਤ ਬਾਬਾ ਅਤਰ ਸਿੰਘ ਜੀ ਦੀ ਬਰਸੀ ਮਨਾਈ ਜਾਵੇਗੀ ਜਿਸ ਦੇ ਸਬੰਧ ਵਿਚ ਸਾਰਾ ਦਿਨ ਦੀਵਾਨ ਸਜਣਗੇ।

**ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ**

**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ

**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-585-0319

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਗੁਰਬਾਣੀ ਸਿਮਰਨ ਹਰ ਐਤਵਾਰ ਦੁਪਹਿਰ 1 ਤੋਂ 4 ਵਜੇ ਤੱਕ ਹੁੰਦੇ ਹਨ

### ਰੋਜਾਨਾ ਦੇ ਪ੍ਰੋਗਰਾਮ

**ਸਵੇਰੇ**

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

**ਸ਼ਾਮ**

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ ਦਾ ਸਾਲਾਨਾ ਸਮਾਗਮ 21 ਫਰਬਰੀ ਨੂੰ



ਪਿਛਲੇ 30 ਸਾਲਾਂ ਤੋਂ ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ (ਪ.ਲੀਅ) ਮਾਂ ਬੋਲੀ ਪੰਜਾਬੀ ਦੀ ਪ੍ਰਫੁਲੱਤਾ ਲਈ ਕੈਨੇਡਾ ਵਿਚ ਬਹੁਤ ਕੋਸ਼ਿਸ਼ਾਂ ਕਰ ਰਹੀ ਹੈ। ਇਸ ਸਿਲਸਿਲੇ ਵਿਚ ਹਰ ਸਾਲ ਪਲੀਅ ਫਰਵਰੀ ਦੇ ਮਹੀਨੇ ਵਿਚ ਅੰਤਰਰਾਸ਼ਟਰੀ ਮਾਂ ਬੋਲੀ ਦਿਨ ਬਹੁਤ ਹੀ ਧੂਮ ਧਾਮ ਨਾਲ ਮਨਾਉਂਦੀ ਹੈ। ਇਸ ਸਾਲ ਇਹ ਦਿਨ 21 ਫਰਵਰੀ ,ਦਿਨ ਸ਼ਨਿਚਰਵਾਰ ਨੂੰ ਤਾਜ ਪਾਰਕ ਕਨਵੈਨਸ਼ਨ ਸੈਂਟਰ, 8580-132 ਸਟਰੀਟ ਸਰ੍ਹੀ ਵਿਖੇ ਮਨਾਇਆ ਜਾਵੇਗਾ। ਪੰਜਾਬੀ ਪ੍ਰੇਮੀਆਂ ਲਈ ਇਹ ਬਹੁਤ ਹੀ ਮਹੱਤਵ ਪੂਰਨ ਸਮਾਗਮ ਹੋਵੇਗਾ।ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਭੀ ਇਹ ਸਮਾਗਮ ਦੀਪਕ ਬਿਨਿੰਗ ਫਾਊਂਡੇਸ਼ਨ ਅਤੇ ਤਾਜ ਪਾਰਕ ਕਨਵੈਨਸ਼ਨ ਸੈਂਟਰ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।12 ਵਜੇ ਤੋਂ 3 ਵਜੇ ਤਕ ਇਹ ਪ੍ਰੋਗਰਾਮ ਉਲੀਕੀਆ ਗਿਆ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀਆਂ ਵਿਚ ਪੜ੍ਹ ਰਹੇ ਕੁਝ ਵਿਦਿਆਰਥੀ ਪੰਜਾਬੀ ਵਿਚ ਭਾਸ਼ਨ, ਕਵਿਤਾਵਾਂ, ਗੀਤ ਆਦਿ ਸਰੋਤਿਆਂ ਨਾਲ ਸਾਂਝੇ ਕਰਨਗੇ। ਬੀ. ਸ਼ੀ. ਦੇ ਪੋਸਟ ਸੈਕੰਡਰੀ ਐਜੂਕੇਸ਼ਨ ਦੇ ਮੰਤਰੀ ਜੈਸੀ ਸੁਨੰੜ ਮੁੱਖ ਮਹਿਮਾਨ ਵਜੋਂ ਹਾਜਰ ਹੋਣਗੇ।ਸਾਬਕਾ ਆਰ .ਸੀ ਐਮ. ਪੀ . ਵਿਚ ਰਹਿ ਚੁੱਕੇ ਅਫਸਰ ਅਤੇ ਸਤਿਕਾਰਯੋਗ ਸੈਨੇਟਰ ਬਲਤੇਜ ਸਿੰਘ ਢਿੱਲੋਂ ਭੀ ਮਾਂ ਬੋਲੀ ਪੰਜਾਬੀ ਪ੍ਰਤੀ ਆਪਣਾ ਤਜਰਬਾ ਸਰੋਤਿਆਂ ਨਾਲ ਸਾਂਝਾ ਕਰਨਗੇ।ਇਸ ਤੋਂ ਬਿਨਾਂ ਦੋ ਨੌਜਵਾਨ ਵਿਦਿਆਰਥੀ- ਰੋਹਨ ਸਿੰਘ ਗਿੱਲ ਅਤੇ ਜੇਡਿਨ ਸਿੰਘ ਗਿੱਲ -ਆਪਣੀ ਇਕ ਫਿਲਮ ਸਰੋਤਿਆਂ ਨਾਲ ਸਾਂਝੀ ਕਰਨਗੇ। ਇਸ ਦੇ ਨਾਲ ਹੀ ਕੁਝ ਹੋਰ ਵਿਦਿਆਰਥੀ ਅਤੇ ਪਤਵੰਤੇ ਸੱਜਣ ਇਸ ਸਮਾਗਮ ਦੀ ਸ਼ਾਨ ਨੂੰ ਚਾਰ ਚੰਨ ਲਾਉਣਗੇ। ਚਾਹ ਪਾਣੀ ਦਾ ਭੀ ਪ੍ਰਬੰਧ ਹੋਵੇਗਾ।ਪਾਰਕਿੰਗ ਭੀ ਬਹੁਤ ਹੈ ਅਤੇ ਮੁਫਤ ਹੈ। ਪਲੀਅ ਵੱਲੋਂ ਸਮੱਚੀ ਕਮਿਊਨਿਟੀ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਆਉ ਅਤੇ ਇਸ ਸਮਾਗਮ ਵਿਚ ਸ਼ਾਮਲ ਹੋ ਕੇ ਆਪਣੀ ਮਾਂ ਬੋਲੀ ਪੰਜਾਬੀ ਦਾ ਮਾਣ ਹੋਰ ਭੀ ਵਧਾਉ। ਜਿਵੇਂ ਤੁਸੀਂ ਜਾਣਦੇ ਹੋ ਇਸ ਸਾਲ ਮਈ ਵਿਚ ਸਟੈਟਿਸਟਿਕਸ ਕੈਨੇਡਾ ਵਲੋਂ ਮਰਦਮ ਸ਼ੁਮਾਰੀ ਭੀ ਕੀਤੀ ਜਾ ਰਹੀ ਹੈ। ਜੂਨ ਵਿਚ ਹਰ ਘਰ ਵਿਚ ਇਸ ਵਾਰੇ ਜਾਣਕਾਰੀ ਅਤੇ ਫਾਰਮ ਭੀ ਭੇਜੇ ਜਾਣਗੇ। ਇਸ ਫਾਰਮ ਵਿਚ ਤਿੰਨ ਸਵਾਲ -8,9 ਅਤੇ 10-ਭਾਸ਼ਾ ਵਾਰੇ ਹਨ।ਪਲੀਅ ਵਲੋਂ ਸਭ ਨੂੰ ਅਪੀਲ ਹੈ ਕਿ ਇਹ ਫਾਰਮ ਜਰੂਰ ਭਰਕੇ ਭੇਜਣੇ। ਪੰਜਾਬੀ ਪ੍ਰੇਮੀਆਂ ਅਤੇ ਬੁਲਾਰਿਆਂ ਨੂੰ ਅਪੀਲ ਹੈ ਕਿ ਮਾਂ ਬੋਲੀ ਪੰਜਾਬੀ ਦਾ ਜਰੂਰ ਖਿਆਲ ਰੱਖਣਾਂ।ਸਮਾਂ ਆਉਣ ਤੇ ਪਲੀਅ ਦੇ ਸੇਵਾਦਾਰ ਇਸ ਵਾਰੇ ਤੁਹਾਨੂੰ ਯਾਦ ਭੀ ਕਰਵਾਓਂਦੇ ਰਹਿਣਗੇ ।ਆਉ ਆਪਾਂ ਰਲ ਮਿਲ ਕੇ ਆਪਣੀ ਮਾਂ ਬੋਲੀ ਪੰਜਾਬੀ ਦਾ ਮਾਣ ਹੋਰ ਭੀ ਵਧਾਈਏ। ਇਸ ਤੋਂ ਬਿਨਾਂ ਸਾਲ ਭਰ ਪਲੀਅ ਆਪਣੀਆਂ ਗਤੀ ਵਿਧੀਆਂ ਜਾਰੀ ਰੱਖਦੀ ਹੈ।ਕਮਿਊਨਿਟੀ ਦੇ ਵੱਖਰੇ ਵੱਖਰੇ ਪੰਜਾਬੀ ਪ੍ਰੇਮੀਆਂ ਅਤੇ ਅਦਾਰਿਆ ਦੇ ਸਹਿਯੋਗ ਨਾਲ, ਪਲੀਅ ਪੰਜਾਬੀ ਦੀ ਤਰੱਕੀ ਲਈ ਹੋਰ ਭੀ ਕਾਫੀ ਹੰਭਲੇ ਮਾਰ ਰਹੀ ਹੈ।ਇਹਨਾਂ ਕੋਸ਼ਿਸ਼ਾਂ ਸਦਕਾ ਪੰਜਾਬੀ ਹੁਣ ਕੈਨੇਡਾ ਦੀ ਸਭ ਤੋਂ ਵੱਧ ਬੋਲਣ ਵਾਲੀ ਤੀਜੀ ਭਾਸ਼ਾ ਬਣ ਗਈ ਹੈ। ਕੇਨੇਡਾ ਵਿਚ 20 ਲੱਖ ਤੋਂ ਜਿਆਦਾ ਵਸ ਰਹੇ ਪੰਜਾਬੀ ਮਾਂ ਬੋਲੀ ਦਾ ਮਾਣ ਵਧਾ ਰਹੇ ਹਨ। ਦੁਨੀਆ ਵਿਚ ਪੰਜਾਬੀ ਦਸਵੇ ਨੰਬਰ ਉਪਰ ਮੰਨੀ ਜਾਂਦੀ ਹੈ। ਇਹ ਸਾਡੇ ਸਭ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।ਬੀ. ਸੀ. ਅਤੇ ਕੈਨੇਡਾ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਲੈਵਲ ਤੇ ਪੰਜਾਬੀ ਦੀ ਕਾਫੀ ਪਹਿਚਾਨ ਹੈ।ਕਾਫੀ ਬੈਂਕਾਂ, ਕਰੈਡਿਟ ਯੂਨੀਅਨਾਂ, ਵਪਾਰਕ ਅਦਾਰੇ, ਹਸਪਤਾਲ, ਸਿਟੀ ਹਾਲ ਆਦਿ ਪੰਜਾਬੀ ਨੂੰ ਪੂਰਾ ਮਾਣ ਦੇ ਰਹੇ ਹਨ।ਵੈਨਕੋਵਰ ਏਅੇਰਪੋਰਟ ਭੀ ਪੰਜਬੀ ਮੁਸਾਫਰਾਂ ਦੀ ਸਹੂਲਤ ਲਈ ਬਹੁਤ ਕੁਝ ਕਰ ਰਹੀ ਹੇ।ਕਾਫੀ ਬੈਂਕਾਂ ਆਪਣੇ ਏ. ਟੀ. ਐਮ. ਦੀਆਂ ਸੇਵਾਵਾਂ ਭੀ ਪੰਜਾਬੀ ਵਿਚ ਦੇ ਰਹੀਆਂ ਹਨ। "ਅਸੀਂ ਪੰਜਾਬੀ ਬੋਲਦੇ ਹਾਂ" ਦੀਆਂ ਸਾਈਨਾਂ ਕਾਫੀ ਅਦਾਰਿਆਂ ਵਿਚ ਮਾਂ ਬੋਲੀ ਪੰਜਾਬੀ ਦਾ ਮਾਣ ਵਧਾ ਰਹੀਆਂ ਹਨ। ਪਲੀਅ ਲਈ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਜਿਸ ਭੀ ਅਦਾਰੇ ਨੂੰ ਪੰਜਾਬੀ ਵਿਚ ਸੇਵਾਵਾਂ ਦੇਣ ਲਈ ਪਹੁੰਚ ਕੀਤੀ ਜਾਂਦੀ ਹੈ ਓਹ ਇਸ ਦਾ ਸਵਾਗਤ ਕਰਦੇ ਹਨ ਅਤੇ ਪੂਰੀ ਕੋਸ਼ਿਸ਼ ਕਰਦੇ ਹਨ ਕਿ ਪੰਜਾਬੀ ਵਿਚ ਉਹਨਾਂ ਦੀਆਂ ਸੇਵਾਵਾਂ ਦਿੱਤੀਆਂ ਜਾਣ। ਇਸ ਲਈ ਪਲੀਅ ਇਹਨਾਂ ਸਭ ਦੀ ਬਹੁਤ ਧੰਨਵਾਦੀ ਹੈ। ਪਲੀਅ ਦੀ ਖਾਹਿਸ਼ ਹ ੈ ਕਿ ਪੰਜਾਬੀ ਦਾ ਹਰ ਪ੍ਰੇਮੀਂ ਅਤੇ ਸ਼ੁਭਚਿੰਤਕ ਇਸ ਦਾ ਰਾਜਦੂਤ ਬਣਕੇ ਮਾਂ ਬੋਲੀ ਪੰਜਾਬੀ ਦੀ ਤਰੱਕੀ ਲਈ ਜੋ ਭੀ ਯੋਗਦਾਨ ਪਾ ਸਕਦਾ ਹੈ ਪਾਵੇ। ਧੰਨਵਾਦ!

**ਆਪ ਜੀ ਦਾ ਸ਼ੁਭਚਿੰਤਕ,**
**- ਬਲਵੰਤ ਸਿੰਘ ਸੰਘੇੜਾ,**
**ਪ੍ਰਧਾਨ, ਪੰਜਾਬੀ ਲੈਂਗੂਏਜ ਐਜੂਕੇਸ਼ਨ**
**ਅਸੋਸੀਏਸ਼ਨ ਪਲੀਅ**


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

VELOCITY
TRUCK CENTRES

# PREMIUM QUALITY COMMERCIAL VEHICLES

ਨਵੇਂ ਅਤੇ ਪਹਿਲਾਂ ਤੋਂ ਮਾਲਕੀ ਵਾਲੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਅਧਿਕਾਰਤ ਡੀਲਰ ਦੇ ਰੂਪ ਵਿੱਚ
ਅਸੀਂ ਹਾਈਵੇਅ ਅਤੇ ਵੋਕੇਸ਼ਨਲ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ

INVENTORY

ਅੱਜ ਹੀ ਆਪਣੇ ਫਲੀਟ ਨੂੰ ਅਪਗ੍ਰੇਡ ਕਰੋ ਜਾਂ ਵਧਾਓ
velocitytruckcentres.ca/inventory

ਨਵੇਂ ਅਤੇ ਪੁਰਾਣੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਇੱਕ ਅਧਿਕਾਰਤ ਡੀਲਰ ਹੋਣ ਦੇ ਨਾਤੇ, ਅਸੀਂ ਹਾਈਵੇਅ ਅਤੇ ਕਿੱਤਾਮੁਖੀ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ।




## ਪ੍ਰਮੁੱਖ ਬ੍ਰਾਂਡਾਂ ਦਾ ਮਾਣਮੱਤਾ ਡੀਲਰ

FREIGHTLINER | WESTERN STAR | AUTOCAR | Thomas | FREIGHTLINER Custom Chassis | RIZON
CROSS COUNTRY MANUFACTURING | DOEPKER TRAILERS | K-LINE | LODE KING | PEERLESS | TRAIL KING

crossroads
Equipment Lease & Finance

## ਆਸਾਨ ਫਾਇਨੈਂਸਿੰਗ

ਕ੍ਰਾਸਰੋਡ ਰਾਹੀਂ, ਅਸੀਂ ਇਹਨਾਂ ਲਈ ਲਚਕਦਾਰ, ਕਸਟਮ-ਅਨੁਕੂਲ ਵਿੱਤ ਅਤੇ ਲੀਜ਼ਿੰਗ ਹੱਲ ਪੇਸ਼ ਕਰਦੇ ਹਾਂ:
*ਨਵੇਂ ਜਾਂ ਵਰਤੇ ਗਏ ਉਪਕਰਣ
*ਕਨਸੋਲੀਡੇਸ਼ਨ ਲੋਨ
*ਕ੍ਰੈਡਿਟ ਲਾਈਨਾਂ
ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ gisekham@crlease.ca 'ਤੇ ਗੁਰਪਾਲ ਸੀਖਮ ਨਾਲ ਸੰਪਰਕ ਕਰੋ ਜਾਂ crlease.ca 'ਤੇ ਜਾਓ।

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call:672-727-9560

ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ
ਅਤੇ ਵਿਦੇਸ਼ ਵਿੱਚ ਬੈਠਿਆਂ ਹੀ ਉਸਦਾ ਹੱਲ ਲੱਭਣਾ ਹੋਵੇ
ਜਾਂ ਇੰਡੀਆ ਵਿੱਚ ਆਪਣੀ ਜ਼ਮੀਨ ਵੇਚਣੀ ਹੋਵੇ ਤਾਂ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟ:)
ਨੂੰ ਫੋਨ ਕਰੋ: ਕਨੇਡਾ:604-518-3637(ਵਟਸਐਪ)
ਇੰਡੀਆ:91-81467-00026(ਵਟਸਐਪ)
ਜਾਂ ਈਮੇਲ ਕਰੋ hssandhupcs@gmail.com



FOR ALL DENTAL NEEDS
Of Your Family & Friends



Dr. Inderpreet Sandhu
DDS

CLOVERDALE VILLAGE
DENTAL

Services Provided
· Dental Exams/X-rays · Extractions/Oral Surgery · Cleaning & Polishing · Root Canal Treatment
· Dentures & Mouth Guards · Dental Fillings · Teeth Whitening · Crowns & Bridges

Ph:604-579-0102
5635 - 176A Street, Surrey, BC (across the street from Cloverdale Library)
Cloverdalevillagedental@gmail.com

www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
"We accept CANADIAN DENTAL CARE PLAN for Dentures"

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ
ਬਣਾਉਣ 'ਚ
ਮਾਹਿਰ ਹਾਂ
WE ARE
DENTURISTS

CONSUMER CHOICE AWARD 2018 VANCOUVER
